# ਦਿਗੰਵਰ ਜੈਨ

ਅਤੇ

# ਪੰਜਾਬ

A

# ਸ਼੍ਰੀ ਦਿਗੰਵਰ ਜੈਨ ਅਤੇ ਪੰਜਾਬ

ਜੈਨ ਧਰਮ ਦੇ ਦੋ ਪ੍ਰਸਿੱਧ ਫਿਰਕੇ ਹਨ। ਸ਼ਵੇਤਾਂਵਰ (ਚਿਟੇ ਕਪੜਿਆਂ ਵਾਲੇ) ਅਤੇ (2) ਦਿਗੰਵਰ (ਵਸਤਰ ਰਹਿਤ)। ਪਿਛਲੇ ਭਾਗ ਵਿਚ ਸਾਰੇ ਅਧਿਐਨ ਦਾ ਅਧਾਰ ਸ਼ਵੇਤਾਂਵਰ ਜੈਨ ਗ੍ਰੰਥ, ਆਗਮ, ਸ਼ਿਲਾਲੇਖ, ਪਟਾਵਲੀਆਂ ਰਹੇ। ਬਾਕੀ ਜਿਨ੍ਹਾਂ ਹੋਰ ਅਜੈਨ ਗ੍ਰੰਥਾਂ ਦੇ ਅਧਾਰ ਦੇ ਅਸਾਂ ਜੈਨ ਧਰਮ ਦੀ ਜਾਨਕਾਰੀ ਦਿੱਤੀ ਹੈ ਉਹ ਵੀ ਪੰਜਾਬ ਵਿਚ ਸ਼ਵੇਤਾਂਵਰ ਜੈਨ ਦੀ ਸਥਿਤੀ ਵਾਰੇ ਦਸਦੇ ਹਨ। ਸ਼ਵੇਤਾਂਵਰ ਆਗਮ ਸ੍ਰੀ ਉੱਤਰਾਧਿਐਨ ਸੂਤਰ ਵਿਚ ਸਪਸ਼ਟ ਲਿਖਿਆ ਹੈ "ਪਹਿਲੇ ਅਤੇ ਆਖਰੀ ਤੀਰਥੰਕਰ ਅਚੇਲ (ਵਸਤਰ ਰਹਿਤ ਧਰਮ ਦਾ ਉਪਦੇਸ਼ ਕਰਦੇ ਹਨ। ਦੂਸਰੇ ਤੀਰਥੰਕਰ ਤੋਂ 23ਵੇਂ ਤੀਰਥੰਕਰ ਸਚੇਲ (ਵਸਤਰ) ਸਹਿਤ ਧਰਮ ਦਾ ਉਪਦੇਸ਼ ਕਰਦੇ ਹਨ। ਵਸਤਰ ਰਹਿਤ ਧਰਮ ਦੀਆਂ ਬਹੁਤ ਹੀ ਕਠੋਰ ਧਾਰਮਿਕ ਮਰਿਆਦਾ ਹਨ। ਆਮ ਆਦਮੀ ਇਸਦਾ ਪਾਲਨ ਨਹੀਂ ਕਰ ਸਕਦਾ। ਸਾਰੇ ਤੀਰਥੰਕਰ ਵੀ ਜਿਨ ਕਲਪ (ਦਿਗੰਵਰ ਜਾਂ ਅਚੈਲ) ਹੁੰਦੇ ਹਨ। ਜਿਨ ਕਲਪ ਅਤੇ ਸਥਿਵਰ ਕਲਪ ਦਾ ਉਪਦੇਸ਼ ਤੀਰਥੰਕਰਾਂ ਨੇ ਕੀਤਾ ਹੈ। ਸ਼ਵੇਤਾਂਵਰ ਫਿਰਕੇ ਵਾਲੇ ਅਚਾਰਿਆ ਜੰਬੂ ਤੋਂ ਬਾਅਦ ਜਿਨ ਕਲਪ ਖਤਮ ਮਨਦੇ ਸਨ।

## ਦਿਗੰਵਰ ਸ਼ਵੇਤਾਂਵਰ ਮਤਭੇਦ

ਭਗਵਾਨ ਮਹਾਵੀਰ ਦੇ ਨਿਰਮਾਨ ਤੋਂ 160 ਸਾਲ ਬਾਅਦ ਅਚਾਰਿਆ ਭੱਦਰ ਵ ਹੂ ਦੇ ਸਮੇਂ ਇਹ ਮੱਤਭੇਦ ਸਾਹਮਣੇ ਆਏ। ਉਸ ਸਮੇਂ ਦੇਸ਼ ਵਿਚ 12-12 ਸਾਲ ਦੇ ਕਈ ਅਕਾਲ ਪਏ। ਜੈਨ ਲੋਕ ਪੰਜਾਬ, ਬਿਹਾਰ, ਬੰਗਾਲ ਆਦਿ ਦੇ ਪਵਿਤਰ ਤੀਰਥ ਸਥਾਨਾਂ ਨੂੰ ਛਡਕੇ ਗੁਜਰਾਤ ਅਤੇ ਦੱਖਨੀ ਭਾਰਤ ਵੱਲ ਆਉਣੇ ਸ਼ੁਰੂ ਹੋ ਗਏ। ਦਿਗੰਵਰ ਮਤ ਅਨੁਸਾਰ ਸ਼ਵੇਤਾਂਵਰ ਫਿਰਕੇ ਦੀ ਉਤਪੱਤੀ ਅਚਾਰਿਆ ਸਥੂਲ ਭੱਦਰ ਦੀ ਇਕ ਚੇਲੇ ਨੇ ਕੀਤੀ। ਜਦ ਕਿ ਸ਼ਵੇਤਾਂਵਰ ਪ੍ਰੰਪਰਾ ਅਨੁਸਾਰ ਦਿਗੰਵਰ ਫਿਰਕੇ ਦੀ ਉਤਪੱਤੀ ਸ਼ਿਵ ਕੋਟੀ ਨਾਂ ਦੇ ਸਾਧੂ ਨੇ ਕੀਤੀ ਜੋ ਕਿ ਪੁਰਾਤਨ ਪ੍ਰੰਪਰਾ ਨੂੰ ਫੇਰ ਜਿੰਦਾ ਕਰਨਾ ਚਾਹੁੰਦਾ ਸੀ ਪਰ ਉਸ ਸਮੇਂ ਜਿਨ ਕਲਪੀ ਦੀ ਪ੍ਰੰਪਰਾ ਪੂਰਨ ਖਤਮ ਹੋ ਚੁਕੀ ਸੀ। ਇਸ ਪ੍ਰਕਾਰ ਭਗਵਾਨ ਮਹਾਵੀਰ ਤੋਂ ਲੈਕੇ ਭਦਰਵਾਹੂ ਸਵਾਮੀ ਤੱਕ ਦਾ ਇਤਿਹਾਸ ਦੋਹਾਂ ਪ੍ਰੰਪਰਾ ਦਾ ਇਕ ਹੀ ਹੈ। ਬਾਅਦ ਵਿਚ ਕੁੱਝ ਬਾਹਰੀ ਮੱਤ ਭੇਦ ਸਾਹਮਣੇ ਆਏ ਜਿਨ੍ਹਾਂ ਵਿਚੋਂ ਸਭ ਤੋਂ

ਬੜਾ ਇਤਿਹਾਸਕ ਮਤਭੇਦ **ਪ੍ਰਾਚੀਨ ਪ੍ਰਾਕ੍ਰਿਤ ਅਰਧ ਮਾਗਧੀ** ਜੈਨ ਗ੍ਰੰਥਾਂ ਨੂੰ ਮਾਨਤਾ ਨਾ ਪ੍ਰਦਾਨ ਕਰਕੇ ਪੁਰਾਣੇ ਅਚਾਰਿਆਂ ਦੇ ਰਚੇ ਗ੍ਰੰਥਾਂ ਨੂੰ ਮਾਨਤਾ ਦੇਣਾ ਹੈ। ਇਨ੍ਹਾਂ ਗ੍ਰੰਥਾਂ ਦੀ ਭਾਸ਼ਾ ਸੰਸਕ੍ਰਿਤ, ਅਪਭਰੰਸ਼ ਅਤੇ ਸ਼ੌਰਸ਼ੇਨੀ ਪ੍ਰਾਕ੍ਰਿਤ ਹੈ। ਇਨ੍ਹਾਂ ਗ੍ਰੰਥਾਂ ਵਿਚ ਹਰ ਵਿਸ਼ੇ ਨਾਲ ਸੰਬੰਧਿਤ ਗ੍ਰੰਥ ਹਨ। ਪਰ ਦਿਗੰਵਰ, ਸ਼ਵੇਤਾਂਵਰ ਗ੍ਰੰਥਾਂ ਦੇ ਨਾਵਾਂ ਨੂੰ ਹੀ ਮਾਨਤਾ ਦਿੰਦੇ ਹਨ। ਪ੍ਰਸਿਧ ਦਿਗੰਵਰ ਗ੍ਰੰਥਕਾਰ ਹਨ—

(1) ਕੁੰਦ ਕੁੰਦ ਅਚਾਰਿਆ, (2) ਸਮੰਤ ਭਦਰ। (3) ਪੁਸ਼ਪ ਦੰਤ (4) ਗੁਣ-ਭੱਦਰ, (5) ਸਕਲ ਕੀਰਤੀ।

**ਧਰਮ ਪ੍ਰਚਾਰਕ**—ਪੰਜਾਬ ਵਿੱਚ ਧਰਮ ਪ੍ਰਚਾਰ ਕਰਨ ਵਾਲੇ ਮੁਨੀਆਂ ਦੀ ਗਿਣਤੀ ਬਹੁਤ ਘੱਟ ਹੈ। ਉਸਦਾ ਮੁੱਖ ਕਾਰਣ ਹੈ ਪੰਜਾਬ ਦਾ ਭੋਜਨ। ਫੇਰ ਵੀ ਦਿਗੰਵਰ ਜੈਨ ਗ੍ਰੰਥਾਂ ਵਿਚ ਪੰਜਾਬ, ਕਸ਼ਮੀਰ, ਸਿੰਧ ਅਤੇ ਦਿੱਲੀ ਦਾ ਬਹੁਤ ਵਰਨਣ ਹੈ। ਵਰਤਮਾਨ ਪੰਜਾਬ, ਹਰਿਆਨਾ ਵਿਚ ਕਾਫੀ ਦਿਗੰਵਰ ਜੈਨ ਹਨ। ਦਿਗੰਵਰ ਧਰਮ ਦਾ ਪ੍ਰਮੁੱਖ ਅਧਾਰ ਰਹੇ ਹਨ। (1) ਭਟਾਰਕ, (2) ਆਮ ਪ੍ਰਚਾਰਕ।

ਦਿਗੰਵਰ ਜੈਨ ਗ੍ਰੰਥਾਂ ਅਨੁਸਾਰ ਭਗਵਾਨ ਮਹਾਵੀਰ ਨੇ ਪੰਜਾਬ, ਸਿੰਧ, ਗੰਧਾਰ, ਕਸ਼ਮੀਰ ਅਤੇ ਬਲੱਖ ਆਦਿ ਖੇਤਰਾਂ ਵਿਚ ਧਰਮ ਪ੍ਰਚਾਰ ਕੀਤਾ ਸੀ। ਹਿੰਦੂ ਪਦਮ ਪੁਰਾਣ ਵਿਚ ਇਕ ਦਿਗੰਵਰ ਜੈਨ ਮੁਨੀ ਦੀ ਬ੍ਰਹਮਣ ਨਾਲ ਧਾਰਮਿਕ ਚਰਚਾ ਦਾ ਜਿਕਰ ਹੈ। ਯੂਨਾਨੀ ਵਿਦਵਾਨ ਮੁਨੀ ਕਾਲਨਸ (ਕਲਿਆਨ) ਦਾ ਬਹੁਤ ਸਤਿਕਾਰ ਕਰਦੇ ਸਨ, ਜਿਸਨੂੰ ਸਿਕੰਦਰ ਆਪਣੇ ਨਾਲ ਲੈ ਗਿਆ ਸੀ।

ਪੰਜਾਬ ਨਾਲ ਸੰਬੰਧਿਤ ਇਕ ਸਿਲਾਲੇਖ ਸ਼੍ਰਮਣ ਬੇਲਗੋਲਾ (ਕਰਨਾਟਕ) ਵਿਚ ਹੈ ਜਿਸ ਵਿਚ ਅਚਾਰਿਆ ਸਮਤਭਦਰ ਸਮਾਂ ਈ. ਪੂਰਵ ਦੂਸਰੀ ਸਦੀ ਆਖਦਾ ਹੈ "ਪਹਿਲਾਂ ਮੈਂ ਪਾਟਲੀ ਪੁੱਤਰ (ਪਟਨੇ) ਵਿਖੇ ਸ਼ਾਸਤਰ ਆਰਥ (ਧਾਰਮਿਕ ਵਹਿਸ) ਵਿਚ ਨਾਦ ਬਜਾਇਆ। ਫੇਰ ਮਾਲਵਾ **ਸਿੰਧ** ਅਤੇ **ਠੰਕ** (ਅਟੱਕ ਪੰਜਾਬ), ਕਾਂਚੀਪੁਰ ਅਤੇ ਵਿਦਿਸ਼ਾ (ਭਿਲਸ ਮੱਧ ਪ੍ਰਦੇਸ਼) ਵਿੱਚ ਸ਼ਾਸਤਰ ਅਰਥ ਕਰਦਾ ਇਥੇ ਕਰਨਾਟਕ ਆ ਗਿਆ ਹਾਂ ਜਿਥੇ ਵਿਦਿਆ ਧਾਰਨ ਕਰਨ ਵਾਲੇ ਯੋਧਿਆਂ ਦੀ ਭੀੜ ਹੈ। ਹੇ ਰਾਜਨ ! ਮੈਂ ਧਾਰਮਿਕ ਚਰਚਾ ਕਰਨ ਦਾ ਇਛੁੱਕ ਹਾਂ। ਮੈਂ ਵਿਖਾਉਣਾ ਚਾਹੁੰਦਾ ਹਾਂ ਕਿ ਇਸ ਭੀੜ ਵਿੱਚ ਸ਼ੇਰ ਕਿਵੇਂ ਘੁਸਦਾ ਹੈ।"

ਉਪਰੋਕਤ ਅਚਾਰਿਆ ਦਿਗੰਵਰ ਵਿਚ ਹੀ ਨਹੀਂ ਸ਼ਵੇਤਾਂਵਰਾਂ ਵਿਚ ਵੀ ਆਦਰ ਨਾਲ ਸਤਿਕਾਰੇ ਜਾਂਦੇ ਹਨ। ਆਪਨੇ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਵਿਚ ਅਨੇਕਾਂ ਗ੍ਰੰਥਾਂ ਦੇ ਲੇਖ ਲਿਖੇ ਸਨ। ਆਪ ਰਾਜੇ ਦੇ ਪੁੱਤਰ ਸਨ। ਆਪ ਦਾ ਪਹਿਲਾ ਨਾਂ ਸਾਂਤੀਵਰਮਨ ਸੀ (ਅ

ਸ਼ਵੇਤਾਂਵਰ ਗ੍ਰੰਥਾਂ ਵਿਚ ਅਚਾਰਿਆ ਸ਼ਿਵ ਕੋਟੀ ਦਾ ਜਨਮ ਸਥਾਨ ਮਥਰਾ ਹੈ। ਆਪਦਾ ਪ੍ਰਚਾਰ ਖੇਤਰ ਸਾਰਾ ਰਾਜਸਥਾਨ, ਸਿੰਧ ਅਤੇ ਪੰਜਾਬ ਦਾ ਕੁੱਝ ਹਿੱਸਾ ਸੀ। ਵਿ: ਸੰ: 783 ਵਿੱਚ ਲਿਖੇ **ਆਦਿ ਪੁਰਾਣ** ਵਿਚ ਪੰਜਾਬ ਦੇ ਕੁੱਝ ਹਿਸਿਆਂ ਦਾ ਜਿਕਰ ਆਇਆ ਹੈ ਜੋ ਪਾਤੰਜਲੀ ਰਾਹੀ ਦੱਸੀ, ਭਾਰਤ ਦੀ ਭੂਗੋਲਿਕ ਸਥਿਤੀ ਨਾਲ ਮਿਲਦਾ ਹੈ।

## ਪੰਜਾਬ ਦੇ ਕੁੱਝ ਹਿੱਸੇ

(1) ਆਰਠ (ਅਟਕ ਦੇ ਕੋਲ ਦਰਿਆ ਸਿੰਧ ਦਾ ਇਲਾਕਾ) (2) ਉਨੀਕਰ (ਸੋਰ-ਕੋਟ ਜਿਲਾ ਝੰਗ, (3) ਕੰਬੋਜ (ਰਾਮਪੁਰ, ਰਾਜੋਰੀ), (4) ਕੁਰੁ (ਥਾਨੇਸਰ, ਹਿਸਾਰ ਤੇ ਮੇਰਠ ਜਿਲੇ), (5) ਕੇਕਯ (ਵਿਆਸ ਤੇ ਸਤਲੁਜ ਦੇ ਵਿੱਚਕਾਰਲਾ ਹਿਸਾ, ਜਿਸ ਵਿਚ ਸਾਹਪੁਰ ਗੁਜਰਾਤ ਤੇ ਜੇਹਲਮ ਜਿਲੇ ਆਉਂਦੇ ਹਨ। (6) ਗੰਧਾਰ (ਕਸ਼ਮੀਰ, ਪੰਜਾਬ ਦਾ ਕੁੱਝ ਹਿੱਸਾ, (7) ਭਦਰ—(ਰਾਵੀ, ਜੇਹਲਮ ਦੇ ਨਜਦੀਕ ਗੁਜਰਾਂਵਾਲੇ ਦਾ ਇਲਾਕਾ, (8) ਬਾਲਹਿਲ (ਵਿਆਸ ਅਤੇ ਸਤਲੁਜ ਵਿਚਕਾਰ, ਸਿੰਧ ਪਾਰ ਉੱਤਰ ਪਛਮ ਦਾ ਇਲਾਕਾ (9) ਸਿੰਧ (ਸਿੰਧ, ਰਾਜਸਥਾਨ ਅਤੇ ਵਰਤਮਾਨ ਪੰਜਾਬ ਦਾ ਕੁੱਝ ਭਾਗ, (10) ਸੋਵਿਰ (ਸਿੰਧ ਪਾਰ ਭੇਰਾ)

ਇਸ ਭੂਗੋਲਿਕ ਸਥਿਤੀ ਅਨੁਸਾਰ ਦਿਗੰਵਰ ਫਿਰਕਾ ਉਸ ਸਮੇਂ ਤੱਕ ਸਾਰੇ ਭਾਰਤ ਵਿੱਚ ਫੈਲ ਚੁੱਕਾ ਸੀ। ਪੰਜਾਬ ਇਕ ਪੁਰਾਤਨ ਜਾਤੀ ਦੇ ਅਗਰਵਾਲ ਨੇ ਵਿਕਰਮ ਸੰ: 77 ਨੂੰ ਲੋਹਿਤਾ ਅਚਾਰਿਆ ਤੋਂ ਅਗਰੋਹਾ ਜਾਂ ਆਗਰੇ ਵਿਖੇ ਜੈਨ ਧਰਮ ਗ੍ਰਹਿਣ ਕੀਤਾ। ਅੱਜ ਵੀ ਦਿਗੰਵਰ ਜੈਨਾਂ ਵਿਚ ਇਸ ਜਾਤੀ ਦੀ ਗਿਣਤੀ ਪ੍ਰਮੁੱਖ ਹੈ।

ਵਿ: ਸ: 9ਵੀਂ ਸਦੀ ਵਿਚ ਹੋਣ ਵਾਲੇ ਇਕ ਹੋਰ ਪ੍ਰਸਿਧ ਵਿਦਵਾਨ ਸਨ, ਪੁਸ਼ਪ-ਦੰਤ। ਜੋ ਅਪਭਰੰਸ ਭਾਸ਼ਾ ਦੇ ਮਹਾਨ ਲੇਖਕ ਤੇ ਕਵਿ ਸਨ। ਉਨ੍ਹਾ **ਜਸ਼ਹੁਰ ਚਰਿਉ** ਨਾਂ ਦੇ ਗ੍ਰੰਥਾਂ ਵਿਚ ਪੰਜਾਬ ਦੇ ਦਰਿਆਵਾਂ ਅਤੇ ਸ਼ਹਿਰਾਂ ਦਾ ਜਿਕਰ ਕੀਤਾ ਹੈ (ਵੇਖੋ ਜਸਹੁਰ ਚਰਿਉ ਦੀ ਭੂਮੀਕਾ ਭਾਰਤੀ ਗਿਆਨ ਪੀਠ ਦਿਲੀ)।

ਵਿ: ਸੰ: 10 ਸਦੀ ਵਿੱਚ ਗੁਣਧਰ ਕੀਰਤੀ ਨਾਂ ਦੇ ਅਚਾਰਿਆਂ ਰਾਹੀਂ ਹਿਸਾਰ ਆਦਿ ਖੇਤਰਾਂ ਵਿਚ ਧਰਮ ਪ੍ਰਚਾਰ ਮਿਲਦਾ ਹੈ।

ਵਿ. ਸੰ. 11 ਸਦੀ ਵਿਚ ਗੁਣਕਾਰ ਸੈਨ ਦੇ ਚੇਲੇ ਅਚਾਰਿਆ ਮਹ ਸੇਨ ਹੋਏ। ਆਪ ਸੰਸਕ੍ਰਿਤ ਦੇ ਮਹਾਨ ਲੇਖਕ ਸਨ ਆਪਨੇ **ਪਰਧੁਨ** ਚਾਰਿਤਰ ਦੀ ਰਚਨਾ ਕੀਤੀ।

ਸੰ: 1212 ਵਿਚ ਕਵਿ ਸ਼੍ਰੀਧਰ ਪੈਦਾ ਹੋਏ। ਆਪਦੇ ਪਿਤਾ ਬੁੱਧ ਗੋਲਹਾ ਅਤੇ ਮਾਤਾ ਵਿਲਹਾ ਦੇਵੀ ਸੀ। ਆਪਨੇ ਪੰਜਾਬ, ਸਿੰਧ ਤੋਂ ਛੁੱਟ ਨੇਪਾਲ, ਉਤਰਪ੍ਰਦੇਸ਼ ਧਰਮ ਪ੍ਰਚਾਰ ਕੀਤਾ ਆਪਦੇ ਦੋ ਅਣਛਪੇ ਗ੍ਰੰਥ ਮਿਲਦੇ ਹਨ।

ਜਦ ਸ਼ਵੇਤਾਂਵਰ ਫਿਰਕੇ ਵਿਚ ਯਤੀ ਪ੍ਰੰਪਰਾ ਚਾਲੂ ਹੋਈ, ਉਸੇ ਪ੍ਰੰਪਰਾ ਦਾ ਦੂਸਰਾ ਰੂਪ ਭਟਾਰੱਕ ਪ੍ਰੰਪਰਾ ਸੀ, ਇਸਦੀ ਉੱਤਪਤੀ ਸਥਾਨ ਦੱਖਣੀ ਭਾਰਤ ਸੀ। ਸੈਣਾ ਦੇ ਜ਼ੁਲਮਾਂ ਕਾਰਣ ਭਟਾਰਕ ਭੱਗਵੇ ਕਪੜੇ ਧਾਰਨ ਕਰਨ ਲਗ ਪਏ। ਬਾਕੀ ਉਪਕਰਨ ਇਹ ਦਿਗੰਵਰ ਸਾਧੂਆਂ ਵਾਲੇ ਰਖਦੇ ਸਨ। ਯੰਤਰ-ਮੰਤਰ, ਸਾਸਤਰ ਸੰਭਾਲ, ਨਵੇ ਮੰਦਰਾਂ ਦੀ ਉਸਾਰੀ, ਪੁਰਾਣੀਆਂ ਦੀ ਮੁਰੰਮਤ, ਲੋਕਾਂ ਵਿਚ ਧਰਮ ਪ੍ਰਚਾਰ, ਇਹ ਭਟਾਰਕਾਂ ਦੇ ਕੰਮ ਸਨ। ਕਈ ਭਟਾਰਕ ਤੇ ਲੋਕਾਂ ਦੀ ਲੜਾਈ ਝਗੜੀਆਂ ਦੇ ਫੈਸਲੇ ਅਹਿੰਸਕ ਢੰਗ ਨਾਲ ਕਰਾਉਂਦੇ ਸਨ। ਭਟਾਰਕ ਮੱਠ ਧਾਰੀ ਤਿਆਗੀ ਸਾਧੂ ਸਨ। ਪੰਜਾਬ ਵਿਚ ਭਟਾਰਕ ਦੀਆਂ ਗੱਦੀਆਂ ਮੁਸਲਮਾਨਾਂ ਦੇ ਰਾਜ ਸਮੇਂ ਕਾਇਮ ਹੋਈਆਂ। ਇਹ ਦੋ ਪ੍ਰਮੁੱਖ ਸਥਾਨ ਸਨ ਦਿੱਲੀ ਅਤੇ ਮੁਲਤਾਨ।

ਦਿਲੀ ਦੇ ਭਟਾਰਕਾਂ ਦਾ ਖੇਤਰ ਸਾਰਾ ਉੱਤਰ ਪੱਛਮੀ ਭਾਰਤ ਸੀ। ਮੁਲਤਾਨ ਦੀ ਗੱਦੀ ਬਿਲੋਚਸਤਾਨ ਦੇ ਖੇਤਰਾਂ ਤਕ ਧਰਮ ਪ੍ਰਚਾਰ ਕਰਦੀ ਸੀ। ਮੁਲਤਾਨ ਦੇ ਭਟਾਰਕਾਂ ਦਾ ਪੰਜਾਬ ਵਿਚ ਵੀ ਕਾਫੀ ਪ੍ਰਚਾਰ ਸੀ।

ਸੰ: 1296 ਤੋਂ 1310 ਤਕ ਭਟਾਰਕ ਪ੍ਰਭਾ ਚੰਦਰ ਦਿਲੀ ਗੱਦੀ ਤੇ ਬੈਠੇ। ਆਪ ਨੇ ਫਿਰੋਜਸ਼ਾਹ ਬਾਦਸ਼ਾਹ ਨੂੰ ਪ੍ਰਭਾਵਿਤ ਕੀਤਾ। ਆਪਨੇ ਹਰਿਆਨਾ, ਉੱਤਰ ਪ੍ਰਦੇਸ਼, ਦਿੱਲੀ ਅਤੇ ਰਾਜਸਥਾਨ ਵਿੱਚ ਧਰਮ ਪ੍ਰਚਾਰ ਕੀਤਾ। ਆਪਦੇ ਚੇਲੇ ਪਦੱਮ ਨੰਦੀ ਮਹਾਨ ਧਰਮ ਪ੍ਰਚਾਰਕ ਸਨ। ਪਦਮ ਨੰਦੀ ਭਟਾਰਕ ਸਮੇਂ ਨਾਸੰਰਦੀਨ ਮੁਹਮਦ ਸ਼ਾਹ ਦਾ ਰਾਜ ਸੀ ਆਪ ਨੇ ਬਾਦਸ਼ਾਹ ਨੂੰ ਦਰਬਾਰ ਵਿਚ ਜਾ ਕੇ ਧਰਮ ਉਪਦੇਸ਼ ਦਿੱਤਾ।

ਮੁਹਮੱਦ ਤੁਗਲਕ ਦੇ ਸਮੇਂ ਪੰਜਾਬ, ਹਰਿਆਨਾ ਦੇ ਖੇਤਰਾਂ ਵਿਚ ਧਰਮ ਪ੍ਰਚਾਰ ਕਰਨ ਵਾਲੇ ਭਟਾਰਕ ਧਨਵਾਲ ਦਿਲੀ ਦੀ ਗੱਦੀ ਤੇ ਬੈਠੇ। ਆਪਦਾ ਜਨਮ ਪਲਹਣਪੁਰ ਵਿਖੇ ਮਾਤਾ ਮੁਹੜਾ ਦੇਵੀ, ਪਿਤਾ ਮੁਹੜ ਸਿੰਘ ਦੇ ਘਰ ਹੋਇਆ। ਇਹ ਉਹ ਸਮਾਂ ਹੈ ਜਦੋਂ ਮੁਸਲਮਾਨ ਬਾਦਸ਼ਾਹ ਮੂਰਤੀਆਂ ਤੇ ਮੰਦਰ ਤੋੜ ਰਹੇ ਸਨ। ਅਜੇਹੇ ਸਮੇਂ ਭਟਾਰਕ ਧਨਪਾਲ ਨੇ ਜੋਤਿਸ਼, ਯੋਗ, ਮੰਤਰ ਰਾਹੀਂ ਬਾਦਸ਼ਾਹ ਨੂੰ ਪ੍ਰਭਾਵਿਤ ਕਰਕੇ ਜੈਨ ਧਰਮ ਪ੍ਰਤਿ ਜਾਗਰਿਤ ਕੀਤਾ। ਬਾਦਸ਼ਾਹ ਵੀ ਅਕਬਰ ਬਾਦਸ਼ਾਹ ਦੀ ਤਰ੍ਹਾਂ ਧਰਮ ਚਰਚਾਵਾਂ ਕਰਵਾਉਣ ਲੱਗਾ। ਉਸਨੇ ਅੱਗੇ ਲਈ ਜੈਨ ਮੰਦਰ ਤੋੜਨੇ ਬੰਦ ਕਰਵਾ ਦਿਤੇ। ਬਾਦਸ਼ਾਹ ਦੀ ਆਗਿਆ ਨਾਲ ਆਪਨੇ ਦਿੱਲੀ, ਹਰਿਆਣਾ, ਆਗਰਾ ਤੇ ਮੇਰਠ ਦੇ ਇਲਾਕੇ ਵਿੱਚ ਧਰਮ ਪ੍ਰਚਾਰ ਕੀਤਾ। ਆਪ ਦੀ ਭਵਿਸ ਦਤ ਕਥਾ ਵਿਚ ਤਕਸ਼ੀਲਾ, ਹਸਤਨਾਪੁਰ ਦਾ ਵਰਨਣ ਹੈ।

ਵਿ: ਸੰ: 14-15 ਸਦੀ ਦਾ ਸਮਾਂ ਭਟਾਰਕ ਦਸ ਕੀਰਤੀ ਦਾ ਹੈ। ਆਪ ਸੰਸਕ੍ਰਿਤ

(ਸ

ਪ੍ਰਾਕ੍ਰਿਤ ਦੇ ਮਹਾਨ ਵਿਦਵਾਨ ਸਨ। ਆਪਦਾ ਪ੍ਰਚਾਰ ਖੇਤਰ ਸਾਰਾ ਉੱਤਰ ਭਾਰਤ ਸੀ। ਸੰ: 1507 ਵਿਚ ਭਟਾਰਕ ਸ਼੍ਰੀ ਜਿਨ ਚੰਦਰ ਦਿੱਲੀ ਵਿਖੇ ਪੈਦਾ ਹੋਏ।

ਭਟਾਰਕ ਸ਼੍ਰੀਧਰ ਪਹਿਲਾਂ ਦਾ ਜਨਮ ਦਿੱਲੀ ਵਿਖੇ ਬੁਧ ਗੋਲਹਾ ਅਤੇ ਮਾਤਾ ਵੀਲਹਾ ਦੇ ਘਰ ਹੋਇਆ ਸੀ। ਬਚਪਨ ਵਿੱਚ ਧਾਰਮਿਕ ਸੰਸਕਾਰਾਂ ਕਾਰਣ ਆਪ 9 ਸਾਲ ਦੀ ਉਮਰ ਵਿਚ ਭਟਾਰਕ ਬਣੇ। ਆਪਨੇ ਨਟੱਲ ਸ਼ਾਹ ਦੀ ਪ੍ਰੇਰਣਾ ਨਾਲ ਅਨੇਕਾਂ ਧਰਮ ਗ੍ਰੰਥਾਂ ਦੀ ਰਚਨਾ ਲੋਕ ਭਾਸ਼ਾ ਵਿਚ ਕੀਤੀ। ਆਪਦਾ ਪ੍ਰਚਾਰ ਖੇਤਰ ਹਰਿਆਣਾ, ਆਗਰਾ, ਦਿਲੀ ਮੇਰਠ, ਰਾਜਸਥਾਨ ਹੈ। ਆਪਦੇ ਅਨੇਕਾਂ ਗ੍ਰੰਥ ਭੰਡਾਰ ਵਿਚ ਮਿਲਦੇ ਹਨ। ਇਸੇ ਸਮੇਂ ਧਰਮ ਪ੍ਰਚਾਰ ਕਰਨ ਵਾਲੇ ਕਵਿ ਰਈਧੂ ਸਨ। ਆਪਦਾ ਜਨਮ ਗਵਾਲਿਅਰ ਵਿਖੇ ਹਰੀ ਸਿੰਘ ਅਤੇ ਮਾਤਾ ਸਵਿਤਰੀ ਦੇ ਘਰ ਹੋਇਆ। ਆਪਨੇ ਹਿਸਾਰ, ਰੋਹਤਕ, ਕੁਰੂਖੇਤਰ, ਪਾਨੀਪਤ, ਸੋਨੀਪਤ ਵਿਖੇ ਧਰਮ ਪ੍ਰਕਾਰ ਦੇ ਕੇਂਦਰ ਸਥਾਪਿਤ ਕੀਤੇ।

ਵਿ: ਸੰ: 1499 ਵਿਚ ਭਟਾਰਕ ਸ਼ਕਲਕੀਰਤੀ ਹੋਏ। ਆਪਦੇ ਗੁਰੂ ਦਾ ਨਾਂ ਰਤਨ ਕੀਰਤੀ ਸਨ, ਜੋ ਸੰ: 1375 ਨੂੰ ਦਿਲੀ ਦੀ ਗੱਦੀ ਤੇ ਬੈਠੇ ਸਨ। ਭਟਾਰਕ ਸਕਲਕੀਰਟੀ ਕਈ ਨਵੇਂ ਮੰਦਰ ਤੇ ਮੂਰਤੀਆਂ ਦੀ ਸਥਾਪਨਾ ਕੀਤੀ। ਆਪ ਰਾਹੀਂ ਕਈ ਸੰਸਕ੍ਰਿਤ ਭਸ਼ਾ ਵਿਚ ਰਚੇ ਗ੍ਰੰਥ ਮਿਲਦੇ ਹਨ। ਆਪ ਸੰ: 1499 ਵਿਚ ਈਡਰ ਵਿਖੇ ਗੱਦੀ ਤੇ ਬੈਠੇ। ਆਪਨੇ 6 ਹਿੰਦੀ ਗ੍ਰੰਥਾਂ ਦੀ ਰਚਨਾ ਵੀ ਕੀਤੀ। ਆਪਦੇ ਭਰਾ ਬ੍ਰਹਮ ਜਿਨਦਾਸ ਪ੍ਰਸਿਧ ਜੈਨ ਧਰਮ ਪ੍ਰਚਾਰਕ ਸਨ ਜਿਨ੍ਹਾਂ ਰਾਜਸਥਾਨੀ, ਗੁਜਰਾਤੀ ਅਤੇ ਹਿੰਦੀ ਭਾਸ਼ਾ ਵਿਚ ਕਈ ਗ੍ਰੰਥ ਲਿਖੇ। ਹਰਿਆਣਾ, ਦਿਲੀ ਅਤੇ ਮੇਰਠ ਦੇ ਇਲਾਕਿਆਂ ਵਿੱਚ ਆਪਨੇ ਧਰਮ ਪ੍ਰਚਾਰ ਕੀਤਾ।

ਸੰ: 1503 ਵਿੱਚ ਭਟਾਰਕ ਜਿਨ ਚੰਦਰ ਦਿੱਲੀ ਵਿਚ ਪੈਦਾ ਹੋਏ। ਆਪਨੇ 9 ਸਾਲ ਦੀ ਉਮਰ ਵਿਚ ਦੀਖਿਆ ਲਈ। ਆਪਨੇ ਰਾਜਸਥਾਨ, ਉਤਰਪ੍ਰਦੇਸ਼, ਪੰਜਾਬ ਅਤੇ ਦਿਲੀ ਵਿਚ ਜੈਨ ਧਰਮ ਦਾ ਪ੍ਰਚਾਰ ਕੀਤਾ।

ਸੰ: 1537—1597 ਵਿਚ ਪ੍ਰਸਿਧ ਜੈਨ ਕਵਿ ਬੂਢ ਰਾਜ ਨੇ ਅਨੇਕਾਂ ਜੈਨ ਗ੍ਰੰਥਾਂ ਦੀ ਰਚਨਾ ਕੀਤੀ। ਇਨ੍ਹਾਂ ਦੀ ਰਚਨਾ ਦਾ ਸਥਾਨ ਹਿਸਾਰ, ਦਿਲੀ ਅਤੇ ਰਾਜਸਥਾਨ ਦੇ ਖੇਤਰ ਹਨ। ਕਵਿ ਮਣਿਕ ਰਾਜ ਦੇ ਗੁਰੂ ਪਦਮ ਨੰਦੀ ਸਨ। ਆਪਦਾ ਜਨਮ ਰੋਹਤਕ ਵਿਖੇ ਹੋਇਆ। ਆਪਨੇ ਅਪਭ੍ਰੰਸ਼ ਭਾਸ਼ਾ ਵਿਚ 'ਅਮਰਸੈਣ ਚਰਿਉ" ਰਚਨਾ ਸੰ: 1576 ਚੇਤਸ਼ੁਦੀ ਸ਼ਨੀਵਾਰ ਨੂੰ ਸੋਨੀਪਤ ਵਿਖੇ ਕੀਤੀ, ਸੰ: 1587 ਨੂੰ ਆਪਦਾ ਸਵਰਗਵਾਸ ਦਿਲੀ ਵਿਖੇ ਹੋਇਆ।

ਬਾਦਸ਼ਾਹ ਸ਼ਾਹਜਹਾਂ ਦੇ ਸਮੇਂ ਕਵਿ ਸੁੰਦਰ ਦਾਸ ਨੇ ਹਰਿਆਣਾ, ਬਾਗੜ, ਦਿਲੀ

ਦੇ ਖੇਤਰਾਂ ਵਿਚ ਧਰਮ ਪ੍ਰਚਾਰ ਕੀਤਾ। ਆਪਨੇ ਹਿੰਦੀ ਭਾਸ਼ਾ ਵਿੱਚ 4 ਗ੍ਰੰਥ ਲਿਖੇ। ਆਪਦਾ ਸਮਾਂ ਸੰ: 1675 ਸੀ।

ਸ਼ਾਹਜਹਾਂ ਅਤੇ ਜਹਾਂਗੀਰ ਦੋਹਾਂ ਦਾ ਇਕੱਠਾ ਰਾਜ ਵੇਖਣ ਵਾਲੇ ਭੈਯਾ ਭਗਵਤੀ ਦਾਸ ਦਾ ਜਨਮ ਅੰਬਾਲੇ ਦੇ ਕਰੀਬ ਬੁੜੀਆ ਵਿਖੇ ਹੋਇਆ। ਆਪਦੇ ਪਿਤਾ ਕ੍ਰਿਸ਼ਨਦਾਸ ਬੁਢਾਪੇ ਵਿਚ ਦਿਗੰਵਰ ਜੈਨ ਸਾਧੂ ਬਣ ਗਏ। ਜਨਮ ਜਾਤ ਸੰਸਕਾਰਾਂ ਕਾਰਣ ਆਪ ਦਿਲੀ ਆ ਗਏ। ਆਪਨੇ ਦਿੱਲੀ, ਆਗਰਾ, ਹਿਸਾਰ ਆਦਿ ਖੇਤਰਾਂ ਵਿਚ ਧਰਮ ਪ੍ਰਚਾਰ ਕੀਤਾ। ਆਪਦੇ ਗੁਰੂ ਮਹੇਦਰ ਸੇਨ ਸਨ ਆਪ ਗੁਰੂ ਦੇ ਸਵਰਗਵਾਸ ਤੇ ਦਿਲੀ ਦੀ ਭਟਾਰਕ ਗੱਦੀ ਤੇ ਬੈਠੇ। ਆਪਨੇ ਇਨ੍ਹਾਂ ਖੇਤਰਾਂ ਵਿਚ 25 ਹਿੰਦੀ ਗ੍ਰੰਥਾਂ ਦੀ ਰਚਨਾ ਕੀਤੀ।

ਸੰ: 17ਵੀਂ ਸਦੀ ਪਾਂਡੇ ਰੂਪ ਚੰਦ ਦਾ ਸਮਾਂ ਸੀ। ਆਪਦਾ ਜਨਮ ਕੁਰੂ ਦੇਸ਼ ਦੇ ਪਿੰਡ ਸਲੇਮਪੁਰ ਵਿਖੇ ਹੋਇਆ। ਸਵਰਗਵਾਸ ਸੰ. 1694 ਨੂੰ ਹੋਇਆ। ਆਪ ਪ੍ਰਸਿਧ ਜੈਨ ਕਵਿ ਬਨਾਰਸੀ ਦਾਸ ਨਾਲ ਸੰਬੰਧਿਤ ਸਨ। ਆਪਦਾ ਪ੍ਰਚਾਰ ਖੇਤਰ ਮੇਰਠ, ਹਰਿਆਨਾ ਤੇ ਦਿੱਲੀ ਸੀ। ਆਪਨੇ 7 ਹਿੰਦੀ ਗ੍ਰੰਥਾਂ ਦੀ ਰਚਨਾ ਕੀਤੀ।

ਪ੍ਰਸਿਧ ਜੈਨ ਕਵਿ ਬਨਾਰਸੀ ਦਾਸ, ਰਮਾਇਣ ਲੇਖਕ ਤੁਲਸੀ ਦਾਸ ਦੇ ਸਮਕਾਲੀ ਅਤੇ ਮਿਤਰ ਸਨ। ਆਪਦੇ **ਸਮੇਸਾਰ ਨਾਟਕ** ਦੀ ਮਾਨਤਾ ਜੈਨੀਆਂ ਵਿਚ ਰਮਾਇਣ ਦੀ ਤਰ੍ਹਾਂ ਹੈ। ਆਪਦਾ ਪਿਛੋਕੜ ਰੋਹਤਕ ਜਿਲੇ ਨਾਲ ਸੀ। ਆਪਦੇ ਬਜੁਰਗ ਕਾਰੋਬਾਰ ਕਾਰਣ ਆਗਰੇ ਵਿਖੇ ਆ ਗਏ। ਆਪਦੇ ਬਜੁਰਗ ਨਵਾਬ ਦੇ ਮੋਦੀ ਸਨ। ਸੰ: 1643 ਨੂੰ ਆਗਰੇ ਵਿਖੇ ਕਵਿ ਬਨਾਰਸੀ ਦਾਸ ਦਾ ਜਨਮ ਹੋਇਆ। ਆਪਦੇ ਦੋ ਵਿਆਹ ਹੋਏ 9 ਬੱਚੇ ਵੀ ਪੈਦਾ ਹੋਏ। ਸਾਰਾ ਪਰਿਵਾਰ ਮੌਤ ਦਾ ਸ਼ਿਕਾਰ ਹੋ ਗਿਆ। ਆਪਨੇ 50 ਗ੍ਰੰਥ ਹਿੰਦੀ ਜਗਤ ਨੂੰ ਦਿਤੇ। ਆਪਦਾ ਪ੍ਰਚਾਰ ਖੇਤਰ ਹਰਿਆਨਾ, ਦਿੱਲੀ ਅਤੇ ਉਤਰ-ਪ੍ਰਦੇਸ਼ ਸੀ। ਆਪਨੇ ਅਪਣੀ ਆਤਮ ਕਥਾ ਖੁੱਦ ਲਿਖੀ, ਜੋ ਕਿ ਸਭ ਤੋਂ ਪੁਰਾਤਨ ਆਤਮ ਕਥਾ ਮਨੀ ਜਾਂਦੀ ਹੈ। ਸੰ: 1705 ਤੋਂ 1728 ਤੱਕ ਦਾ ਸਮਾਂ ਜੈਨ ਕਵਿ ਮਨੋਹਰ ਦਾਸ ਦਾ ਹੈ, ਜਿਨ੍ਹਾਂ ਅਪਣੇ ਲਿਖੇ 6 ਹਿੰਦੀ ਗ੍ਰੰਥਾਂ ਰਾਹੀਂ ਜੈਨ ਦਰਸ਼ਨ ਦੀ ਜਾਨਕਾਰੀ ਕਰਾਈ।

ਆਪਦਾ ਪ੍ਰਚਾਰ ਖੇਤਰ ਹਰਿਆਣੇ ਦਾ ਹਿਸਾਰ ਜਿਲਾ ਅਤੇ ਆਗਰੇ ਦਾ ਖੇਤਰ ਰਿਹਾ ਹੈ। 1715 ਵਿਚ ਅਚਲ ਕੀਰਤੀ ਭਟਾਰਕ ਨੇ ਵੀ ਹਰਿਆਣਾ ਤੇ ਦਿੱਲੀ ਦੇ ਕੁੱਝ ਭਾਗਾਂ ਵਿਚ ਪ੍ਰਚਾਰ ਕੀਤਾ ਆਪਨੇ ਹਿੰਦੀ ਵਿਚ 6 ਗ੍ਰੰਥ ਲਿਖੇ।

ਸੰ: 1715 ਵਿਚ ਕੈਇਆ ਭਗਵਤੀ ਦਾਸ ਦਾ ਜਨਮ ਆਗਰੇ ਵਿਖੇ ਹੋਇਆ। ਆਪ ਸੰਸਕ੍ਰਿਤ, ਪ੍ਰਾਕ੍ਰਿਤ, ਹਿੰਦੀ, ਗੁਜਰਾਤੀ ਅਤੇ ਬੰਗਾਲੀ ਭਾਸ਼ਾ ਦੇ ਜਾਣਕਾਰ ਸਨ।

ਆਪਦਾ ਸਮਾਂ ਮੁਗਲ ਬਾਦਸ਼ਾਹ ਔਰੰਗਜੇਬ ਦਾ ਸਮਾਂ ਹੈ। ਆਪਨੇ ਹਿੰਦੀ ਭਾਸ਼ਾ ਵਿਰ 67 ਗ੍ਰੰਥਾਂ ਦੀ ਰਚਨਾ ਕੀਤੀ।

ਸੰ: 1733 ਵਿੱਚ ਪੂਜਾ ਅਤੇ ਭਜਨਾਂ ਦੇ ਲੇਖਕ ਧਾਨਤ ਰਾਏ ਹੋਏ। ਆਪਦੇ ਪਿਤਾ ਸਿਆਮਦਾਸ ਆਗਰੇ ਦੇ ਪ੍ਰਸਿਧ ਧਾਰਮਿਕ ਵਿਅਕਤੀ ਮਨੇ ਜਾਂਦੇ ਸਨ। ਆਪਨੇ ਬਚਪਨ ਵਿਚ ਧਾਰਮਿਕ ਸਿਖਿਆ ਤੋਂ ਛੁੱਟ ਉਰਦੂ ਫਾਰਸੀ ਦੇ ਗ੍ਰੰਥਾਂ ਦਾ ਅਧਿਐਨ ਕੀਤਾ। ਹਿੰਦੀ ਭਾਸ਼ਾ ਵਿਰ ਆਪਨੇ 8 ਗ੍ਰੰਥ ਲਿਖੇ।

ਬਾਦਸ਼ਾਹ ਔਰੰਗਜੇਬ ਸਮੇਂ ਹਰਿਆਨੇ ਵਿਚ ਧਰਮ ਪ੍ਰਚਾਰ ਕਰਨ ਵਾਲੇ ਵਿਦਵਾਨ ਬਲਾਕੀ ਰਾਮ ਸਨ। ਆਪਦਾ ਸਮਾਂ 1737-1754 ਹੈ। ਆਪਨੇ 5 ਹਿੰਦੀ ਗ੍ਰੰਥਾਂ ਦੀ ਰਚਨਾ ਦਿਲੀ ਵਿਖੇ ਕੀਤੀ।

ਸੁਰਿੰਦਰ ਕੀਰਤੀ ਨਾ ਦੇ 4 ਭਟਾਰਕ ਮਿਲਦੇ ਹਨ। ਜਿਨ੍ਹਾਂ ਵਿਚੋਂ ਪਹਿਲੇ ਭਟਾਰਕ 1738 ਦੀ ਜੇਠ 11 ਨੂੰ ਦਿਲੀ ਵਾਲੀ ਗੱਦੀ ਤੇ ਬੈਠੇ। ਦੂਜੇ 2-3 ਵਾਰੇ ਕੁਝ ਜਾਣਕਾਰੀ ਪ੍ਰਾਪਤ ਨਹੀਂ ਹੋ ਸਕੀ। ਚੋਥੇ ਭਟਾਰਕ ਸੰ: 1822 ਨੂੰ ਗਦੀ ਤੇ ਬੈਠੇ।

ਹੁਣ ਮੁਗਲ ਰਾਜ ਵਿਖਰ ਚੁੱਕਾ ਸੀ। ਅੰਗਰੇਜੀ ਕੰਪਨੀ ਦਾ ਰਾਜ ਫੈਲਣ ਲੱਗਾ। ਉਨ੍ਹਾਂ ਨੂੰ ਠੇਕੇਦਾਰੀ ਲਈ ਈਮਾਨਦਾਰ ਵਿਉਪਾਰੀ ਚਾਹੀਦੇ ਸਨ। ਸਿਟੇ ਵਜੋਂ ਉਸ ਸਮੇਂ ਹਰਿਆਨੇ ਤੱਕ ਸੀਮਤ ਦਿਗੰਵਰ ਜੈਨ ਪੰਜਾਬ ਦੇ ਬੜੇ ਸ਼ਹਿਰਾਂ ਵਿਚ ਫੈਲਣ ਲਗਾ। ਇਹ ਸ਼ਹਿਰ ਉਹੀ ਸਨ ਜਿਨ੍ਹਾਂ ਵਿਚ ਛਾਉਣੀਆਂ ਸਨ। ਇਨ੍ਹਾਂ ਲੋਕਾਂ ਨੇ ਵਿਉਪਾਰ ਦੇ ਨਾਲ-ਨਾਲ ਅਪਣਾ ਧਰਮ ਪ੍ਰਚਾਰ ਕਾਇਮ ਰਖਿਆ। ਨਵੇਂ ਮੰਦਰ ਬਣੇ। ਵਿਦਵਾਨ ਪੰਡਤਾਂ ਰਾਹੀਂ ਲੋਕਾਂ ਨੂੰ ਜੈਨ ਸਿਧਾਂਤ ਸਮਝਾਉਣ ਦਾ ਯੁਗ ਸ਼ੁਰੂ ਹੋਇਆ।

ਸੰ: 1857 ਦੀ ਅਜਾਦੀ ਦੀ ਲੜਾਈ ਤੋਂ ਬਾਅਦ ਕੁਝ ਨਵੇਂ ਫਿਰਕੇ ਪੈਦਾ ਹੋਏ। ਪੰਜਾਬ ਵਿਚ ਅੰਬਾਲਾ ਵਿਖੇ **ਜੈਨ ਸ਼ਾਸਤਰਾਰਥ** ਸਭਾ ਕਾਇਮ ਹੋਈ। ਇਨਾਂ ਕਈ ਸਥਾਨਾਂ ਤੋਂ ਆਰੀਆ ਸਮਾਜੀਆਂ ਨਾਲ ਧਰਮ ਚਰਚਾ ਕੀਤੀ। ਹੁਣ ਸਾਰੇ ਭਾਰਤ ਵਰਸ਼ ਵਿਚ ਦਿਗੰਵਰ ਫਿਰਕਾ ਫੈਲ ਚੁੱਕਾ ਹੈ। ਦਿਗੰਵਰ ਜੈਨ ਸਮਾਜ ਨੇ ਭਾਰਤ ਨੂੰ ਅਨੇਕਾਂ ਹੀ ਬਹੁਪਖੀ ਸ਼ਖਸਿਅਤਾਂ ਹਰ ਖੇਤਰ ਵਿੱਚ ਪ੍ਰਦਾਨ ਕੀਤੀਆਂ ਹਨ। ਜਿਨ੍ਹਾਂ ਵਿਚ ਕੁਝ ਦਾ ਵਰਨਣ ਆਧੁਨਿਕ ਯੁਗ ਵਿਚ ਦਿੱਤਾ ਜਾਵੇਗਾ।

# ਚਿਤ੍ਰਾਂ ਦੀ ਸੂਚੀ

(1) ਕਲਿਆਣ (ਜ਼ਿਲਾ ਪਟਿਆਲਾ)
  (i) ਭਗਵਾਨ ਪਾਰਸ਼ ਨਾਥ
  (ii) ਭਗਵਾਨ ਰਿਸ਼ਵਦੇਵ ਸਮਾਂ 8-9ਵੀਂ ਸਦੀ (ਟੁਕੜੇ)
  (iii) ਭਗਵਾਨ ਰਿਸ਼ਵਦੇਵ (ਸਿਰ ਰਹਿਤ) ਖਿਜਰਾਬਾਦ (ਰੋਪੜ)

(2) ਭਗਵਾਨ ਮਹਾਂਵੀਰ ਸਮਾ 8-9ਵੀਂ ਸਦੀ ਢੋਲਵਾਹਾ (ਹੁਸ਼ਿਆਰ ਪੁਰ)

(3) ਚੌਮੁਖੀ ਤੀਰਥੰਕਰ ਮੂਰਤੀ ਸਮਾ 7-8ਵੀਂ ਸਦੀ
(ਪੰਜਾਬ ਪੁਰਾਤੱਤਵ ਤੋਂ ਧਨਵਾਦ ਸਹਿਤ ਪ੍ਰਾਪਤ)

(4) ਪੰਜੋਰ
  (1) ਭਗਵਾਨ ਰਿਸ਼ਵਦੇਵ
  (2) ਤੀਰਥੰਕਰ ਪੰਜੋਰ
(ਕੁਰਖੇਤਰ ਯੂਨੀਵਰਸਟੀ ਦੇ ਇਤਿਹਾਸ ਵਿਭਾਗ ਤੋਂ ਧਨਵਾਦ ਸਹਿਤ ਪ੍ਰਾਪਤ)

(5) ਮਾਤਾ ਚਕਰੇਸ਼ਵਰੀ ਦੇਵੀ ਤੀਰਥ ਪਿੰਡ ਅੱਤੇਵਾਲੀ (ਸਰਹਿੰਦ)
ਸ਼ਾਸਨ ਦੇਵੀ ਚਕਰੇਸ਼ਵਰੀ ਮਾਤਾ ਸਮਾ 12-13ਵੀਂ ਸਦੀ
(ਸ੍ਰੀ ਭੋਜ ਰਾਜ ਜੈਨ ਪਟਿਆਲਾ ਤੋਂ ਧਨਵਾਦ ਸਹਿਤ ਪ੍ਰਾਪਤ)

(6) ਬਠਿੰਡਾ
ਭਗਵਾਨ ਨੇਮੀ ਨਾਥ ਸਮਾ 11-12ਵੀਂ ਸਦੀ ਸੰਗ ਮਰਮਰ

(7) ਸੁਨਾਮ
ਭਗਵਾਨ ਪਾਰਸ਼ਨਾਥ ਜੀ ਸਮਾ 9-10ਵੀਂ ਸਦੀ
(ਡੇਰਾ ਭਗਵੰਤ ਨਾਥ ਦੇ ਸਹਿਯੋਗ ਨਾਲ ਪ੍ਰਾਪਤ)

(8) ਕੁਰੂਖੇਤਰ
ਤੀਰਥੰਕਰ ਸਿਰ ਸਮਾਂ 9ਵੀਂ ਸਦੀ
(ਕੁਰੂਖੇਤਰ ਯੂਨੀਵਰਸਟੀ ਤੋਂ ਧਨਵਾਦ ਸਹਿਤ ਪ੍ਰਾਪਤ)

(9) ਅੰਬਾਲਾ
ਸਮਾਧੀ ਪੂਜ ਸ਼੍ਰੀ ਲਾਲ ਚੰਦ ਜੀ ਮਹਾਰਾਜ
ਅਤੇ ਪੂਜ ਕਾਂਸ਼ੀ ਰਾਮ ਜੀ

(10) **ਅਸਥਲਬੋਹਲ** (ਰੋਹਤਕ)

**ਭਗਵਾਨ ਪਾਰਸ਼ ਨਾਥ** ਸਮਾ 9-10ਵੀਂ ਸਦੀ (ਸ਼ਵੇਤਾਂਬਰ)

(11) **ਨਾਰਨੌਲ**

**ਤੀਰਥੰਕਰ ਚਾਮਰ ਯਤੀ** ਸਮਾ 10ਵੀਂ ਸਦੀ

(12) **ਜੀਂਦ**

**ਭਗਵਾਨ ਰਿਸ਼ਵ ਦੇਵ** ਸਮਾ 9ਵੀਂ ਸਦੀ

(ਹਰਿਆਣਾ ਪੁਰਾਤੱਤਵ ਤੋਂ ਧਨਵਾਦ ਸਹਿਤ ਪ੍ਰਾਪਤ)

(13) **ਮਾਲੇਰ ਕੋਟਲਾ**

**ਸਮਾਰਕ ਅਚਾਰੀਆ ਸ਼੍ਰੀ ਰਤੀ ਰਾਮ ਜੀ ਮਹਾਰਾਜ**

(14) **ਤੋਸ਼ਾਮ**

(1) **ਭਗਵਾਨ ਮੱਲੀ ਨਾਥ ਜੀ** ਸਮਾਂ 10ਵੀਂ ਸਦੀ

(2) **ਭਗਵਾਨ ਮੱਲੀ ਨਾਥ ਪੰਜਤੀਰਥੀ** 10ਵੀਂ ਸਦੀ

(15) **ਝੱਜਰ**

**ਸਿਰ ਤੀਰਥੰਕਰ** ਸਮਾ 10ਵੀਂ ਸਦੀ

(ਹਰਿਆਣਾ ਪੁਰਾਤੱਤਵ ਤੋਂ ਧਨਵਾਦ ਸਹਿਤ ਪ੍ਰਾਪਤ)

## ਕੁਝ ਹੋਰ ਚਿਤ੍ਰ

(16) (ੳ) ਸ਼ਾਹੀ ਹੁਕਮ-ਨਾਮਾ ਖਰਤਰਗੱਛ ਅਚਾਰੀਆ ਸ਼੍ਰੀ ਜਿਨ ਚੰਦਰ ਸੂਰੀ

(ਅ) ਫ਼ਰਮਾਨ ਸ਼ਾਹੀ ਤਪਾਗੱਛ ਅਚਾਰੀਆ ਸ਼੍ਰੀ ਹੀਰਾ ਵਿਜੈ ਸੂਰੀ

(17) (ੳ) ਕਾਂਗੜਾ ਦੇ ਕਿਲੇ ਵਿਚ ਸਥਾਪਿਤ ਭਗਵਾਨ ਰਿਸ਼ਵਦੇਵ

(ਅ) 22ਵੇਂ ਭਗਵਾਨ ਨੇਮੀ ਨਾਥ ਦੀ ਸ਼ਾਸਨ ਦੇਵੀ ਅੰਬਿਕਾ ਦੇਵੀ

(ੲ) ਵਿਗੱਪਤਿ ਤ੍ਰਿਵੇਣੀ ਗ੍ਰੰਥ ਦਾ ਪਹਿਲਾ ਤੇ ਆਖਰੀ ਪੰਨਾ

(18) ਸ਼ਾਹੀ ਫ਼ਰਮਾਨ ਤਪਾਗੱਛ ਅਚਾਰੀਆ ਸ਼੍ਰੀ ਹੀਰਾ ਵਿਜੇ ਸੂਰੀ

(ਕੁੱਝ ਹੋਰ ਹੁਕਮਨਾਮੇ ਮੁਗਲ ਬਾਦਸ਼ਾਹ ਸ਼ਾਹਜਹਾਂ ਅਤੇ ਜਹਾਂਗੀਰ ਨੇ ਜੈਨ ਅਚਾਰੀਆ ਨੂੰ ਦਿੱਤੇ ਸਨ ਜੋ ਕਿ ਮੱਧ ਏਸ਼ੀਆ ਵਿਚ ਜੈਨ ਧਰਮ ਲੇਖਕ ਪੰ: ਹੀਰਾ ਲਾਲ ਦੁੱਗੜ ਵਿਚ ਛਪ ਚੁੱਕੇ ਹਨ )